## ਪੰਜਾਬ ਵਿਧਾਨ ਸਭਾ ਸਕੱਤਰੇਤ

### ਮੰਗਲਵਾਰ, ਮਿਤੀ 28 ਅਗਸਤ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

#### ਕੌਮਾਂਤਰੀ ਸਰਹੱਦ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ

**206. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਕੌਮਾਂਤਰੀ ਸਰਹੱਦ ਨਾਲ ਲੱਗਦੀ ਕਰੀਬ 550 ਕਿਲੋਮੀਟਰ ਦੀ ਪੱਟੀ ਵਿੱਚ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲੇ ਕਿਸਾਨਾਂ, ਜਿਨ੍ਹਾਂ ਨੂੰ ਸਿਰਫ 6 ਘੰਟੇ ਕੰਮ ਕਰਨ ਦੀ ਆਗਿਆ ਹੈ, ਨੂੰ ਪੰਜਾਬ ਸਰਕਾਰ ਨੇ ਸਾਲ 2013 ਵਿੱਚ ਤਿੰਨ ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਸੀ; ਜੇਕਰ ਅਜਿਹਾ ਹੋਵੇ ਤਾਂ ਇਹ ਮੁਆਵਜ਼ਾ ਬੰਦ ਕਿਉਂ ਕਰ ਦਿੱਤਾ ਗਿਆ ਹੈ;

ਅ) ਕੀ ਸਰਕਾਰ ਇਹ ਮੁਆਵਜ਼ਾ ਦੇਣਾ ਸ਼ੁਰੂ ਕਰੇਗੀ, ਜੇਕਰ ਹਾਂ ਤਾਂ ਇਹ ਕਦੋਂ ਸ਼ੁਰੂ ਹੋ ਜਾਵੇਗਾ?

#### ਇੰਟੀਗਰੇਟਿਡ ਚਾਈਲਡ ਪ੍ਰੋਟੈਕਸ਼ਨ ਸਕੀਮ ਅਧੀਨ ਰਾਸ਼ੀ ਜਾਰੀ ਕਰਨਾ

**209. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਇਸਤਰੀ ਤੇ ਬਾਲ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇੰਟੀਗਰੇਟਿਡ ਚਾਇਲਡ ਪ੍ਰੋਟੈਕਸ਼ਨ ਸਕੀਮ ਅਧੀਨ ਕੇਂਦਰ ਸਰਕਾਰ ਵਲੋਂ ਪਿਛਲੇ 3 ਸਾਲਾਂ ਦੌਰਾਨ ਕਿੰਨੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਪੰਜਾਬ ਸਰਕਾਰ ਨੇ ਜਿਲ੍ਹਾ ਪੱਧਰ ਤੇ ਇਹ ਰਾਸ਼ੀ ਕਿੰਨੀ ਕਿੰਨੀ ਜਾਰੀ ਕੀਤੀ ਹੈ;

ਅ) ਕੀ ਇਹ ਠੀਕ ਹੈ ਕਿ ਇੰਟੀਗਰੇਟਿਡ ਚਾਇਲਡ ਪ੍ਰੋਟੈਕਸ਼ਨ ਸਕੀਮ ਲਾਗੂ ਕਰਨ ਵਾਲੇ ਸਟਾਫ ਦੀ ਤਨਖਾਹ, ਭੱਤਿਆਂ, ਸਟੇਸ਼ਨਰੀ, ਬਿਲਡਿੰਗਾਂ ਦੇ ਕਿਰਾਏ ਦੇ ਬਿੱਲ ਫੰਡਜ਼ ਦੀ ਘਾਟ ਕਰਕੇ ਕਈ ਕਈ ਮਹੀਨਿਆਂ ਤੋਂ ਲੰਬਿਤ ਪਏ ਹਨ; ਜੇਕਰ ਅਜਿਹਾ ਹੈ ਤਾਂ ਜਿਲ੍ਹਾ ਵਾਇਜ਼ ਲੰਬਿਤ ਬਿੱਲਾਂ ਦੀ ਸੂਚੀ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਇਨ੍ਹਾਂ ਬਿੱਲਾਂ ਦੀ ਰਾਸ਼ੀ ਕਦੋਂ ਤੱਕ ਜਾਰੀ ਕਰ ਦੇਵੇਗੀ?

#### ਡੋਪ ਟੈਸਟ ਦੀ ਰਾਸ਼ੀ ਨਿਰਧਾਰਤ ਕਰਨਾ

**213. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵਲੋਂ ਡੋਪ ਟੈਸਟ ਦੀ ਕੀਮਤ 1500 ਰੁਪਏ ਵਸੂਲ ਕੀਤੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ 1500 ਰੁਪਏ ਦੀ ਡਿਟੇਲ ਦਿੱਤੀ ਜਾਵੇ ਕਿ ਇਹ ਰਾਸ਼ੀ ਕਿਸ ਤਰਾਂ ਨਿਰਧਾਰਤ ਕੀਤੀ ਗਈ ਹੈ;

ਅ) ਕੀ ਇਹ ਵੀ ਠੀਕ ਹੈ ਕਿ ਡੋਪ ਟੈਸਟ ਕਿੱਟ ਦੀ ਬਜਾਰੀ ਕੀਮਤ 200 ਰੁਪਏ ਤੋਂ 350 ਰੁਪਏ ਹੈ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਕਿਸ ਰੇਟ ਤੇ ਡੋਪ ਟੈਸਟ ਕਿੱਟ ਕਿਸ ਕੰਪਨੀ ਤੋਂ 5 ਗੁਣਾ ਜਿਆਦਾ ਕੀਮਤ ਤੇ ਖਰੀਦ ਰਹੀ ਹੈ?

#### ਪਾਣੀ ਦਾ ਸਰਵੇਖਣ ਕਰਾਉਣਾ

**219. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਲੋਂ ਘੱਗਰ ਦਰਿਆ ਨੇੜਲੇ ਇਲਾਕੇ ਦੇ ਪਿੰਡਾਂ ਵਿੱਚ ਪਾਣੀ ਦਾ ਸਰਵੇਖਣ ਕਰਵਾਇਆ ਗਿਆ ਹੈ;

ਅ) ਕੀ ਇਹ ਵੀ ਠੀਕ ਹੈ ਕਿ ਇਹ ਪਾਣੀ ਦਾ ਸਰਵੇਖਣ ਸਿਰਫ ਮੁੱਖ ਮੰਤਰੀ ਦੇ ਜਿਲ੍ਹੇ ਪਟਿਆਲਾ ਦੇ ਪਿੰਡਾਂ ਦਾ ਹੀ ਕੀਤਾ ਗਿਆ ਹੈ;

ੲ) ਜੇਕਰ ਉਪਰੋਕਤ ਭਾਗ ਅ ਦਾ ਉੱਤਰ ਹਾਂ ਵਿੱਚ ਹੈ ਤਾਂ ਪੰਜਾਬ ਦੇ ਬਾਕੀ ਜਿਲ੍ਹਿਆਂ ਨੂੰ ਇਸ ਸਰਵੇਖਣ ਦੇ ਵਿੱਚ ਸ਼ਾਮਲ ਕਿਉਂ ਨਹੀਂ ਕੀਤਾ ਗਿਆ;

ਸ) ਜੇਕਰ ਉਪਰੋਕਤ ਭਾਗ ਅ ਦਾ ਉੱਤਰ ਨਾਂਹ ਵਿੱਚ ਹੈ ਤਾਂ ਪੰਜਾਬ ਦੇ ਕਿਹੜੇ ਕਿਹੜੇ ਜਿਲ੍ਹਿਆਂ ਦੇ ਕਿਹੜੇ ਕਿਹੜੇ ਪਿੰਡਾਂ ਵਿੱਚ ਪਾਣੀ ਦਾ ਸਰਵੇਖਣ ਕੀਤਾ ਗਿਆ ਹੈ?

#### ਪ੍ਰਧਾਨ ਮੰਤਰੀ ਅਵਾਸ ਯੋਜਨਾ ਅਧੀਨ ਪੰਜਾਬ ਲਈ ਵੱਖਰੇ ਮਾਪਦੰਡ ਬਨਾਉਣਾ

**228. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਅਵਾਸ ਯੋਜਨਾਂ ਲਈ ਚੁਣੇ ਜਾਣ ਵਾਲੇ ਲਾਭਪਾਤਰੀਆਂ ਲਈ ਕੇਂਦਰ ਸਰਕਾਰ ਵਲੋਂ ਜਾਰੀ ਮਾਪਦੰਡ ਉਹੀ ਹਨ ਜੋ ਦੂਜੇ ਰਾਜਾਂ ਜਿਵੇ ਬਿਹਾਰ, ਪੱਛਮੀ ਬੰਗਾਲ, ਝਾਰਖੰਡ ਆਦਿ ਲਈ ਹਨ ਜਦੋ ਕਿ ਪੰਜਾਬ ਦੇ ਲੋਕਾਂ ਦਾ ਅਤੇ ਬਾਕੀ ਰਾਜਾਂ ਦਾ ਰਹਿਣ ਸਹਿਣ ਭਿੰਨ ਹੈ;

ਅ) ਕੀ ਇਹ ਵੀ ਠੀਕ ਹੈ ਕਿ ਸਾਰੇ ਰਾਜਾਂ ਲਈ ਲਾਭਪਾਤਰੀ ਚੁਨਣ ਲਈ ਇਕੋ ਮਾਪ ਦੰਡ ਹੋਣ ਕਰਕੇ ਪੰਜਾਬ ਦੇ ਬਹੁਤ ਗਿਣਤੀ ਦੇ ਪਰਿਵਾਰ ਇਸ ਸਕੀਮ ਤੋਂ ਵਾਂਝੇ ਰਹਿ ਜਾਂਦੇ ਹਨ ਜਦੋ ਕਿ ਇਨ੍ਹਾਂ ਪਾਸ ਰਹਿਣ ਲਈ ਮਕਾਨ ਵੀ ਨਹੀਂ ਹੁੰਦਾ;

ੲ) ਪੰਜਾਬ ਵਿਚ ਹੁਣ ਤੱਕ ਜ਼ਿਲ੍ਹਾਵਾਰ ਕਿੰਨੇ ਲਾਭ ਪਾਤਰੀਆਂ ਨੇ ਪ੍ਰਧਾਨ ਮੰਤਰੀ ਅਵਾਸ ਯੋਜਨਾਂ ਤਹਿਤ ਦਰਖਾਸਤਾਂ ਦਿੱਤੀਆਂ ਸਨ ਅਤੇ ਇਨ੍ਹਾਂ ਵਿਚੋਂ ਮਾਪ ਦੰਡਾਂ ਅਨੁਸਾਰ ਕਿੰਨੇ ਯੋਗ ਪਾਏ ਗਏ ਹਨ ਅਤੇ ਕਿੰਨਿਆ ਨੂੰ ਸਹਾਇਤਾ ਮਿਲ ਗਈ ਹੈ;

ਸ) ਕੀ ਪੰਜਾਬ ਸਰਕਾਰ ਨੇ ਮਾਪ ਦੰਡ ਨਰਮ ਕਰਨ ਲਈ ਕੇਂਦਰ ਸਰਕਾਰ ਨਾਲ ਮਾਮਲਾ ਟੇਕਅਪ ਕੀਤਾ ਹੈ; ਜੇਕਰ ਹਾਂ ਤਾਂ ਦਸਤਾਵੇਜਾਂ ਦੀਆਂ ਨਕਲਾਂ ਦਿੱਤੀਆਂ ਜਾਣ?

#### ਆਈ.ਟੀ.ਆਈ. ਬਨੂੜ ਨੂੰ ਜਾਂਦਾ ਰਸਤਾ ਪੱਕਾ ਕਰਨਾ

**229. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰੀ ਇਮਾਰਤ ਬਨਾਉਣ ਸਮੇਂ ਨਕਸ਼ਾ ਫੀਸ ਤੋਂ ਛੋਟ ਹੋਣ ਦੇ ਬਾਵਜੂਦ ਨਗਰ ਕੌਂਸਲ ਬਨੂੜ ਦੇ ਅਧਿਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ.ਟੀ.ਆਈ.) ਬਨੂੜ ਪਾਸੋਂ 40 ਲੱਖ ਰੁਪਏ ਦੀ ਨਕਸ਼ਾ ਫੀਸ ਮੰਗ ਰਹੇ ਹਨ;

ਅ) ਕੀ ਇਹ ਵੀ ਠੀਕ ਹੈ ਕਿ ਨਕਸ਼ਾ ਫ਼ੀਸ ਜਮ੍ਹਾਂ ਨਾ ਕਰਵਾਉਣ ਕਰਕੇ ਆਈ.ਟੀ.ਆਈ. ਨੂੰ ਜਾਂਦਾ 400 ਮੀਟਰ ਦਾ ਰਸਤਾ ਨਗਰ ਕੌਂਸਲ ਬਨੂੜ ਵਲੋਂ ਪੱਕਾ ਨਹੀਂ ਕੀਤਾ ਜਾ ਰਿਹਾ ਜਿਸ ਕਰਕੇ ਬਰਸਾਤਾਂ ਵਿੱਚ ਵਿਦਿਆਰਥੀਆਂ ਨੂੰ ਆਈ.ਟੀ.ਆਈ. ਜਾਣ ਵਿੱਚ ਦਿੱਕਤ ਆ ਰਹੀ ਹੈ;

ੲ) ਪੰਜਾਬ ਸਰਕਾਰ ਇਸ ਮਾਮਲੇ ਨੂੰ ਹੱਲ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ਅਤੇ 400 ਮੀਟਰ ਦਾ ਰਸਤਾ ਕਦੋਂ ਤੱਕ ਪੱਕਾ ਹੋ ਜਾਵੇਗਾ?

ਚੰਡੀਗੜ੍ਹ
ਮਿਤੀ 27 ਅਗਸਤ, 2018

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।